ਮੁਖਵਾਕ ਨੰਬਰ ੧੧ [ਆਦਿ ਅੰਗ ੫੨੭]

***ਦੇਵਗੰਧਾਰੀ ॥ ਅਬ ਹਮ ਚਲੀ ਠਾਕੁਰ ਪਹਿ ਹਾਰਿ ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੧॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥***

ਇਥੇ ਇਕ ਗੱਲ ਯਾਦ ਰੱਖਣ ਵਾਲੀ ਹੈ ਕਿ ਜਿਥੇ "ਦੇਵਗੰਧਾਰੀ" ਰਾਗ ਸ਼ੁਰੂ ਹੁੰਦਾ ਹੈ ਉਥੇ ਪਹਿਲੇ ਸ਼ਬਦ ਨਾਲ "ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧" ਉਸ ਤੋਂ ਅਗਲੇ ਪੰਜ ਸ਼ਬਦਾਂ ਦਾ ਸਿਰਲੇਖ ਕੇਵਲ "ਦੇਵਗੰਧਾਰੀ" ਹੀ ਹੈ। "ਮਹਲਾ" ਨਹੀਂ ਲਿਖਿਆ। ਸ਼ੰਕਾ ਨੂੰ ਕੋਈ ਗੁੰਜਾਇਸ਼ ਨਹੀਂ ਕਿਉਂਕਿ ਪੁਰਾਤਨ ਬੀੜ ਸ੍ਰੀ ਕਰਤਾਪੁਰ ਸਾਹਿਬ ਵਾਲੀ ਅਤੇ ਦਮਦਮਾ ਸਾਹਿਬ ਵਾਲੀ ਬੀੜ ਵਿਚ ਇਹ ਪੰਜ ਸ਼ਬਦਾਂ ਦੇ ਅੰਦਰ "ਦੇਵਗੰਧਾਰੀ" ਹੀ ਲਿਖਿਆ ਹੈ। "ਮਹਲਾ" ਨਹੀਂ।

## ***ਅਬ ਹਮ ਚਲੀ ਠਾਕੁਰ ਪਹਿ ਹਾਰਿ ॥***

ਹੇ ਠਾਕੁਰ=ਮਾਲਕ ਹੁਣ ਮੈਂ ਹਾਰ ਕੇ ਤੁਹਾਡੇ ਪਾਸ ਚਲੀ ਆਈ ਹਾਂ। ਠਾਕੁਰ=ਠ+ਕ+ਰ=ਬ੍ਰਹਮਾ ਰੂਪ ਹੋ ਕੇ ਕ=ਕਰਤਾ ਵਾ ਸਾਜਣ ਵਾਲਾ ਵਿਸ਼ਨੂੰ ਰੂਪ ਹੋ ਕੇ ਰੋਜ਼ੀ ਦੇ ਕੇ ਠ=ਠਹਿਰਾਉਣ ਵਾਲਾ, ਰ=ਰੁਦਰ ਭਾਵ ਸ਼ਿਵਜੀ ਰੂਪ ਹੋ ਕੇ ਲਾਇਤਾ ਕਰਨ ਵਾਲਾ ਐਸਾ ਮਾਲਕ ਜਿਸ ਵਿਚ ਪਾਲਣ, ਸੰਘਾਰਨ ਤੇ ਪੈਦਾ ਕਰਨ ਦਾ ਗੁਣ ਹੋਵੇ ਸੋ ਕਹੀਏ ਠਾਕੁਰ। ਮੈਂ ਐਸੇ ਠਾਕੁਰ ਦੀ ਸ਼ਰਣ ਆਈ ਹਾਂ ਜਿਸ ਵਿਚ ਇਹ ਗੁਣ ਮੌਜੂਦ ਹਨ ਹੋਰ ਦੇਵੀ ਦੇਵਤਿਆਂ ਦੀ ਸ਼ਰਣ ਨੂੰ ਤਿਆਗ ਦਿੱਤਾ ਹੈ ਕਿਉਂਕਿ ਉਹਨਾਂ ਦੀ ਸ਼ਰਣ ਹਾਰ ਦੇਣ ਵਾਲੀ ਹੈ।

## ***ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥੧॥ਰਹਾਉ॥***

ਹੇ ਸਮਰਥ ਪ੍ਰਭੂ=ਵਾਹਿਗੁਰੂ ਜਬ=ਜਦੋਂ ਮੈਂ ਆਪ ਜੀ ਦੀ ਸ਼ਰਣ ਵਿਚ ਹੀ ਆ ਗਈ ਹਾਂ ਹੁਣ ਤੇਰੀ ਮਰਜ਼ੀ ਹੈ ਭਾਵੇਂ ਰੱਖਿਆ ਕਰ ਅਤੇ ਭਾਵੇਂ ਮਾਰ ਲੈ।

ਯਥਾ— **੧. ਸਤਿਗੁਰ ਆਇਓ ਸਰਣਿ ਤੁਹਾਰੀ ॥**
**ਮਿਲੈ ਸੁਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ ॥** [ਟੋਡੀ ਮ: ੫, ਅੰਗ ੭੧੩]

**੨. ਸਰਣਿ ਪਰਿਓ ਠਾਕੁਰ ਵਜੀਰਾ ॥ ਤਿਨਾ ਦੇਖਿ ਮੇਰਾ ਮਨੁ ਧੀਰਾ ॥** [ਗਉੜੀ ਮ: ੫, ਅੰਗ ੨੧੨]

## ***ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥***

ਸੰਸਾਰਕ ਲੋਕਾਂ ਦੀ ਚਤੁਰਾਈ ਨਾਲ ਕੀਤੀ ਹੋਈ ਉਪਮਾ ਵਾ ਚਤੁਰਾਈ ਤੇ ਉਪਮਾ=[ਚਤੁਰਾਈ ਨਾਲ ਕੀਤੀ ਉਪਮਾ ਉਹ ਹੁੰਦੀ ਹੈ ਜੋ ਮੂੰਹ ਤੇ ਉਪਮਾ ਕਰ ਦੇਣੀ ਤੇ ਪਿਛੋਂ ਉਸ ਦਾ ਮਜ਼ਾਕ ਉਡਾਉਣਾ।]

ਮੈਂ ਉਸਨੂੰ ਬੈਸੰਤਰਿ=ਗਿਆਨ ਅਗਨੀ ਵਿਚ ਜਾਰਿ=ਸਾੜ ਦਿੱਤਾ ਹੈ।

ਯਥਾ— **ਲੋਕਨ ਕੀਆ ਵਡਿਆਈਆ ਬੈਸੰਤਰਿ ਪਾਗਉ ॥** [ਬਿਲਾਵਲ ਮਹਲਾ ੫, ਅੰਗ ੮੦੯]

PDF created with pdfFactory Pro trial version www.pdffactory.com

## ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਡਾਰਿ ॥੧॥

ਹਮ=ਮੈਂ ਤਨੁ=ਸਰੀਰ ਮਾਲਕ ਨੂੰ ਡਾਰਿ=ਕੁਰਬਾਨ ਕਰ ਦੀਓ=ਦਿੱਤਾ ਹੈ ਹੁਣ ਭਾਵੇਂ ਕੋਈ ਮੈਨੂੰ ਬੁਰਾ ਕਹੇ ਮਨ ਵਿਚ ਕ੍ਰੋਧ ਨਹੀਂ ਆਉਂਦਾ ਭਾਵੇਂ ਭਲਾ ਕਹੇ ਤਾਂ ਮਨ ਵਿਚ ਹੰਕਾਰ ਨਹੀਂ ਆਉਂਦਾ। ਸਿੱਖ ਦੀ ਐਸੀ ਹੀ ਸ੍ਰੇਸ਼ਟ ਭਾਵਨਾ ਹੁੰਦੀ ਹੈ ਬੁਰੇ ਭਲੇ ਦੀ ਅਸਰ ਕਬੂਲਣ ਵਾਲੀ ਬਿਰਤੀ ਵਿਚ ਸੇਵਕ ਨਹੀਂ ਹੁੰਦਾ। ਸੇਵਕ ਕੋਲ ਆਪਣਾ ਕੁਝ ਨਹੀਂ ਬਚਦਾ ਸਭ ਕੁਝ ਮਾਲਕ ਨੂੰ ਸਮਰਪਿਤ ਹੋ ਜਾਂਦਾ ਹੈ।

ਯਥਾ— **ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥**
**ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥** [ਸਲੋਕ ਕਬੀਰ, ਅੰਗ ੧੩੭੫]

**ਸਾਖੀ—**ਗੁਰ ਇਤਿਹਾਸ ਵਿਚ ਗੁਰ ਅਮਰਦਾਸ ਜੀ ਦੀ ਹੀ ਗੁਰੂ ਸ਼ਰਣ ਆਇਆਂ ਦੀ ਇਕ ਅਜਿਹੀ ਸਾਖੀ ਮਿਲਦੀ ਹੈ ਕਿ ੧੨ ਸਾਲ ਗੁਰੂ ਅੰਗਦ ਦੇਵ ਜੀ ਦੀ ਚਰਣ ਸ਼ਰਣ ਵਿਚ ਰਹਿ ਕੇ ਮਹਾਨ ਘਾਲਣਾ ਘਾਲੀ ਬਿਰਧ ਅਵਸਥਾ ਸਰੀਰਕ ਬਲ ਕਮਜ਼ੋਰ, ਪਰ ਅੱਧੀ ਰਾਤ ਤੋਂ ਬਾਅਦ ਬਿਆਸਾ ਤੋਂ ਜਲ ਦੀ ਗਾਗਰ ਭਰ ਕੇ ਗੁਰੂ ਅੰਗਦ ਸਾਹਿਬ ਜੀ ਦਾ ਇਸ਼ਨਾਨ ਕਰਾਉਂਦੇ, ਗੁਰੂ ਜੀ ਦੀ ਹਜ਼ੂਰੀ ਸੇਵਾ ਤੋਂ ਬਿਨਾਂ ਹੋਰ ਲੰਗਰ ਆਦਿ ਗੁਰਸਿੱਖਾਂ ਦੀ ਸੇਵਾ ਵੀ ਪ੍ਰੇਮ ਸਹਿਤ ਕਰਦੇ। ਸੇਵਾ ਦੀ ਮਸਤੀ ਨੇ ਖਾਣ ਪੀਣ, ਪੈਨ੍ਹਣ ਦਾ ਸ਼ੌਂਕ ਵਾ ਇੱਛਾ ਦਾ ਤਿਆਗ ਕਰਾ ਦਿੱਤਾ, ਬਿਨਾਂ ਕਾਮਨਾਂ ਤੋਂ ਨਿਸ਼ਕਾਮਤਾ ਦੁਆਰਾ ਕੀਤੀ ਇਸ ਘਾਲਣਾ ਨੇ ਗੁਰੂ ਅੰਗਦ ਸਾਹਿਬ ਜੀ ਦਾ ਮਨ ਮੋਹ ਲਿਆ। ਪਰ ਕਈ ਵਾਰ ਈਰਖਾਲੂ ਸਿੱਖਾਂ ਨੇ ਬੜੇ ਅਪਮਾਨ-ਜਨਕ ਸ਼ਬਦ ਕਹੇ ਕਿ ਇਹ ਬਿਰਧ, ਰਾਤ-ਦਿਨ ਟਿਕਦਾ ਹੀ ਨਹੀਂ ਜਿਹੜੇ ਆਪ ਸੇਵਾ ਨਹੀਂ ਸਨ ਕਰਦੇ ਬਾਬਾ ਅਮਰਦਾਸ ਜੀ ਦੀ ਸੇਵਾ ਤੋਂ ਤੰਗ ਹੋਣ ਲੱਗੇ। ਐਸੀਆਂ ਵੱਧ ਘਟ ਗੱਲਾਂ ਕਰਦੇ ਕਿ ਪ੍ਰਵਾਰ ਨੇ ਘਰੋਂ ਕੱਢ ਦਿੱਤਾ ਹੈ ਵਿਚਾਰਾ ਡਰਦਾ ਰਾਤ ਦਿਨੇ ਟਿਕਦਾ ਨਹੀਂ, ਸੇਵਾ ਕਰੀ ਜਾਂਦਾ ਹੈ। ਨਾਲੇ ਆਪਣੀ ਸੇਵਾ ਅਤੇ ਆਗਿਆ ਵਿਚ ਇਸ ਲਈ ਰਹਿੰਦਾ ਹੈ ਕਿ ਆਪਾਂ ਪੁਰਾਣੇ ਗੁਰੂ ਕੇ ਸਿੱਖ ਹਾਂ ਡਰਦਾ ਹੈ ਕਿ ਮੈਨੂੰ ਇਥੋਂ ਕਢਵਾ ਨਾ ਦੇਣ। ਇਸ ਲਈ ਹਰ ਵੇਲੇ ਹੱਥ ਜੋੜਦਾ ਹਰ ਇਕ ਅਗੇ ਜੀ ਹਜ਼ੂਰੀ ਕਰਦਾ ਹੈ। ਗੁਰੂ ਅਮਰਦਾਸ ਜੀ ਦੀ ਅਵਸਥਾ, **ਕੋਈ ਭਲਾ ਕਹਉ ਭਾਵੈ ਬੁਰਾ ਕਹਉ,** ਵਾਲੀ ਪਰਪੱਕ ਹੋ ਚੁੱਕੀ ਹੈ ਕਿਸੇ ਦੇ ਬੁਰਾ ਅਤੇ ਭਲਾ ਕਹਿਣ ਦਾ ਅਸਰ ਨਹੀਂ ਹੁੰਦਾ : **ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥** ਦੇ ਮਹਾਂਵਾਕ ਅਨੁਸਾਰ ਆਪਣਾ ਜੀਵਨ ਬਣਾ ਲਿਆ ਹੈ। ਪੈਰਾਂ ਵਿਚ ਬਿਆਈਆਂ, ਫਟੇ ਬਸਤਰ, ਬਿਰਧ ਅਵਸਥਾ, ਵੇਖਣ ਵਾਲੇ ਹੈਰਾਨ ਹੁੰਦੇ ਸਨ ਕਿ ਇਹ ਸਖਸ਼ ਕਿਸ ਮਿੱਟੀ ਦਾ ਬਣਿਆ ਹੈ, ਕਠਨ ਪ੍ਰੀਕਸ਼ਾ ਵਿਚ ਪਾਸ ਹੁੰਦਿਆਂ ਇਕ ਦਿਨ ਐਸੀ ਘਟਨਾ ਘਟੀ ਸਰਦੀ ਦੀ ਮੌਸਮ, ਰੁਤ ਮਹਾਂ ਸਿਆਲੇ ਦੀ, ਅੰਧੇਰੀ ਰਾਤ ਦੇ ਬੱਦਲਾਂ ਤੋਂ ਬੂੰਦਾ ਬਾਂਦੀ ਸ਼ੁਰੂ ਹੋ ਗਈ ਪਰ ਗੁਰੂ ਅਮਰਦਾਸ ਜੀ ਦੇ ਬਿਆਸਾ ਤੋਂ ਜਲ ਲਿਆਉਣ ਦੇ ਨਿਤਨੇਮ ਵਿਚ ਕੋਈ ਫ਼ਰਕ ਨਾ ਪਿਆ :

ਯਥਾ— **ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ ॥** [ਸੂਹੀ ਮਃ ੪, ਅੰਗ ੭੫੭]

ਦੇ ਮਹਾਂਵਾਕ ਅਨੁਸਾਰ ਸੇਵਾ ਵਿਚ ਕੋਈ ਫ਼ਰਕ ਨਾ ਪਾਇਆ। ਜਲ ਲੈ ਕੇ ਜਦੋਂ ਵਾਪਸ ਪਰਤੇ ਗੁਰੂ ਅੰਗਦ ਸਾਹਿਬ ਜੀ ਦੇ ਨਜ਼ਦੀਕ ਜੁਲਾਹੇ ਦਾ ਘਰ ਸੀ। ਕਰੀਰ ਦਾ ਕਿੱਲਾ ਅਤੇ ਨਾਲ ਹੀ ਕੁੰਭਲ=ਖੱਡੀ ਸੀ ਅਚਾਨਕ ਪੈਰ ਦਾ ਠੇਡਾ ਕਿੱਲੇ ਨਾਲ ਵੱਜਾ ਤੇ ਖੱਡੀ ਵਿਚ ਡਿੱਗ ਪਏ।

ਯਥਾ— **ਗੁਰ ਪੀਰਾਂ ਕੀ ਚਾਕਰੀ ਮਹਾਂ ਕਰੜੀ ਸੁਖ ਸਾਰੁ ॥** [ਮਃ ੪, ਅੰਗ ੧੪੨੨]

ਡਿਗਣ ਦੇ ਖੜਾਕ ਨੂੰ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਕਿਹਾ ਕਿ ਕੋਈ ਚੋਰ ਹੈ ਜਦੋਂ ਜੁਲਾਹੀ ਨੇ ਬਾਰੀ ਵਿਚੋਂ ਬਾਹਰ ਦੇਖਿਆ ਬੱਦਲਾਂ ਵਿਚੋਂ ਬਿਜਲੀ ਚਮਕੀ ਇਸ ਚਾਨਣੇ ਵਿਚ ਗੁਰੂ ਅਮਰਦਾਸ ਨਜ਼ਰ ਆਏ ਜੁਲਾਹੀ ਬੋਲੀ ਚੋਰ ਕਾਹਨੂੰ ਹੈ ਇਹ ਤਾਂ ਨਿਥਾਵਾ ਅਮਰੂ ਕੁੜਮਾਂ ਦਾ ਪਾਣੀ ਭਰਦਾ ਫਿਰਦਾ ਹੈ। ਇਸਨੂੰ ਰਾਤ ਦਿਨ ਟੇਕ ਨਹੀਂ।

PDF created with pdfFactory Pro trial version www.pdffactory.com

ਇਹ ਬਚਨ ਗੁਰੂ ਅਮਰਦਾਸ ਜੀ ਨੇ ਕੰਨੀ ਸੁਣਿਆ ਪਰ ਜਰਨ ਸ਼ਕਤੀ ਦੇ ਕਾਰਨ ਮਨ ਤੇ ਕੋਈ ਅਸਰ ਨਾ ਹੋਇਆ। ਪਰ ਸੁਭਾਵਕ ਹੀ ਐਸਾ ਬਚਨ ਮੂੰਹ ਤੋਂ ਨਿਕਲ ਗਿਆ ਕਮਲੀਏ! ਨਿਥਾਵਾਂ ਤਾਂ ਮੈਂ ਉਦੋਂ ਸੀ ਜਦੋਂ ਗੁਰੂ ਸ਼ਰਣ ਵਿਚ ਥਾਂ ਨਹੀਂ ਸੀ ਮਿਲੀ ਹੁਣ ਤਾਂ ਮੈਂ ਥਾਂ ਵਾਲਾ ਹਾਂ, ਨਿਥਾਵਾ ਉਹ ਹੁੰਦਾ ਹੈ ਜਿਸ ਦਾ ਕਿਤੇ ਥਾਂ ਨਾ ਹੋਵੇ। ਇਹ ਗੱਲ ਕਹਿੰਦਿਆਂ ਸਰੀਰ ਨੂੰ ਸੰਭਾਲਿਆ। ਆਪ ਭਾਵੇਂ ਡਿੱਗ ਪਏ ਸਨ ਪਰ ਪਾਣੀ ਵਾਲੀ ਗਾਗਰ ਨਹੀਂ ਡਿੱਗਣ ਦਿੱਤੀ। ਆਪਣੇ ਸਰੀਰ ਨੂੰ ਕਹਿੰਦੇ ਹਨ ਤੂੰ ਹੁਣੇ ਹੀ ਡਿੱਗਣ ਲੱਗ ਪਿਆ ਹੈਂ ਅਜੇ ਤਾਂ ਮੰਜ਼ਲ ਦੂਰ ਹੈ ਕਿਤੇ ਗੁਰੂ ਜੀ ਦੀ ਖੁਸ਼ੀ ਤੋਂ ਪਹਿਲਾਂ ਹੀ ਮੈਨੂੰ ਧੋਖਾ ਨਾ ਦੇ ਦੇਵੀਂ। ਗੁਰੂ ਅੰਗਦ ਦੇਵ ਜੀ ਦੇ ਚਰਨਾਂ ਵਿਚ ਪਹੁੰਚੇ ਇਸ਼ਨਾਨ ਕਰਵਾਇਆ। ਇਸ਼ਨਾਨ ਉਪਰੰਤ ਹਜ਼ੂਰ ਸਮਾਧਿਸ਼ਟ ਹੋ ਗਏ ਦਿਨ ਚੜ੍ਹੇ ਸਾਰੀ ਸੰਗਤ ਨੂੰ ਇਕੱਤ੍ਰ ਕੀਤਾ ਅਤੇ ਬਾਬਾ ਅਮਰਦਾਸ ਜੀ ਨੂੰ ਸੱਦਿਆ ਹਜ਼ੂਰ ਨੇ ਪੁੱਛਿਆ, ਪੁਰਖਾ ਰਾਤ ਕੀ ਘਟਨਾ ਹੋਈ ਉਤਰ ਦਿੱਤਾ ਮਹਾਰਾਜ! ਤੁਸੀਂ ਸਭ ਜਾਣਦੇ ਹੋ, ਹਜ਼ੂਰ ਨੇ ਕਿਹਾ ਤੇਰੇ ਮੁਖ ਦੁਆਰਾ ਸੰਗਤਾਂ ਨੂੰ ਸੁਣਾਉਣੀ ਹੈ। ਬਾਬਾ ਅਮਰਦਾਸ ਜੀ ਨੇ ਕਿਹਾ ਮਹਾਰਾਜ ਰਾਤੀ ਮੈਂ ਜਦੋਂ ਜਲ ਲੈ ਕੇ ਆਇਆ ਠੇਡਾ ਖਾ ਕੇ ਜੁਲਾਹੇ ਦੀ ਖੱਡੀ ਵਿਚ ਡਿੱਗ ਪਿਆ ਸੀ ਬਸ ਇਹੀ ਘਟਨਾ ਹੋਈ ਹੈ। ਹਜ਼ੂਰ ਨੇ ਪੁੱਛਿਆ ਜੁਲਾਹੀ ਕੀ ਕਹਿੰਦੀ ਸੀ। ਕਿਹਾ ਮਹਾਰਾਜ! ਜੁਲਾਹੀ ਸੱਚ ਕਹਿੰਦੀ ਸੀ ਕਿਉਂਕਿ ਮੈਂ ਅਜੇ ਸਰੂਪ ਥਾਂ ਵਾਲਾ ਨਹੀਂ ਬਣਿਆ ਇਸ ਲਈ ਮੈਨੂੰ ਉਸਨੇ ਨਿਥਾਵਾਂ ਕਿਹਾ ਹੈ। ਇਤਨੇ ਚਿਰ ਵਿਚ ਹੀ ਜੁਲਾਹਾ ਜੁਲਾਹੀ ਨੂੰ ਲੈ ਕੇ ਹਜ਼ੂਰ ਦੇ ਚਰਨਾਂ ਵਿਚ ਪਹੁੰਚਿਆ ਉਸ ਦੀ ਝੱਲਿਆਂ ਵਾਲੀ ਹਾਲਤ ਵੇਖ ਕੇ ਗੁਰੂ ਸਾਹਿਬ ਨੇ ਪੁੱਛਿਆ ਕੀ ਗੱਲ ਹੈ। ਜੁਲਾਹੇ ਨੇ ਰਾਤ ਵਾਲੀ ਸਾਰੀ ਘਟਨਾ ਦੱਸੀ ਕਿਹਾ ਮਹਾਰਾਜ ਤੁਹਾਡੇ ਸੇਵਕ ਦੀ ਰਸਨਾਂ ਤੋਂ ਇਸਨੂੰ ਕਮਲੀ ਸ਼ਬਦ ਨਿਕਲਿਆ ਇਹ ਉਸੀ ਸਮੇਂ ਕਮਲੀ ਹੋ ਗਈ, ਹਜ਼ੂਰ ਨੇ ਕਿਹਾ ਅਗਰ ਆਪਣੀ ਸੁਖ ਚਾਹੁੰਦਾ ਹੈਂ ਤਾਂ ਇਹ ਥਾਂ ਜਿਥੇ ਤੇਰੀ ਕੁੰਭਲ ਵਿਚ ਮੇਰਾ ਸਿੱਖ ਡਿੱਗਿਆ ਹੈ ਇਸ ਦਾ ਜੋ ਮੁੱਲ ਹੈ ਲੈਣਾ ਕਰ। ਇਹ ਜਗ੍ਹਾ ਮੈਨੂੰ ਹਮੇਸ਼ਾਂ ਲਈ ਚਾਹੀਦੀ ਹੈ ਤੇਰਾ ਵੀ ਇਸੇ ਵਿਚ ਭਲਾ ਹੈ। ਜੁਲਾਹੇ ਨੇ ਵਚਨ ਮੰਨਿਆ, ਹਜ਼ੂਰ ਨੇ ਦੁੱਗਣਾ ਮੁੱਲ ਉਸਨੂੰ ਦੇ ਕੇ ਉਹ ਜਗ੍ਹਾ ਸਦਾ ਲਈ ਖ਼ਰੀਦ ਲਈ। ਉਸ ਦੀ ਘਰ ਵਾਲੀ ਦਾ ਕਮਲ ਠੀਕ ਹੋ ਗਿਆ। ਗੁਰੂ ਜੀ ਨੇ ਫੁਰਮਾਇਆ ਕਿ ਪੁਰਖਾ ਜਿਸ ਕਿੱਲੇ ਨਾਲ ਤੇਰਾ ਚਰਣ ਛੋਹਿਆ ਸਮਾਂ ਪਾ ਕੇ ਇਹ ਕਿੱਲਾ ਹਰਾ ਹੋਵੇਗਾ, ਸਦੀਆਂ ਤੱਕ ਮੇਰੀਆਂ ਸਿੱਖ ਸੰਗਤਾਂ ਇਸਦੀ ਪੂਜਾ ਕਰਨਗੀਆਂ ਅਤੇ ੧੨ ਵਰ ਦਿੰਦਿਆਂ ਸਭ ਤੋਂ ਪਹਿਲਾਂ ਇਹ ਵਰ ਦਿੱਤਾ ਕਿ ਅਮਰਦਾਸ! ਤੂੰ ਨਿਥਾਵਿਆਂ ਦਾ ਥਾਂ ਹੈਂ ਅਤੇ ਆਪਣੇ ਥਾਂ 'ਤੇ ਗੁਰਤਾ ਗੱਦੀ ਬਖਸ਼ੀ। ਇਸ ਤੁਕ ਦੇ ਸਿਧਾਂਤ ਅਨੁਸਾਰ: **ਹਮ ਤਨੁ ਦੀਓ ਹੈ ਢਾਰਿ ॥** ਲੋਕਾਂ ਦੀ ਭਲਾ ਅਤੇ ਬੁਰਾ ਕਹਿਣ ਦੀ ਪਰਵਾਹ ਨ ਕਰਦਿਆਂ ਹੋਇਆਂ ਆਪਣਾ ਤਨ, ਮਨ, ਧਨ ਗੁਰੂ ਨੂੰ ਸੌਂਪ ਦਿੱਤਾ ਹੈ। **ਹਮ ਤਨੁ ਦੀਓ ਹੈ ਢਾਰਿ ॥** ਅਸਾਂ ਨੇ ਤਾਂ ਤਨ=ਦੇਹ ਅਧਿਆਸ ਨੂੰ ਢਾਲ ਭਾਵ ਨਵਿਰਤ ਕਰ ਦਿੱਤਾ ਹੈ।

ਯਥਾ— **੧. ਕਬੀਰ ਮੈ ਜਾਨਿਓ ਪੜਿਬੋ ਭਲੋ ਪੜਿਬੇ ਸਿਉ ਭਲ ਜੋਗੁ ॥**
**ਭਗਤਿ ਨ ਛਾਡਉ ਰਾਮ ਕੀ ਭਾਵੈ ਨਿੰਦਉ ਲੋਗੁ ॥** [ਸਲੋਕ ਕਬੀਰ, ਅੰਗ ੧੩੬੬]

**੨. ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥** [ਭਗਤ ਨਾਮਦੇਉ, ਅੰਗ ੧੧੯੫]

## *ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥*

ਹੇ ਪ੍ਰਭੂ ਠਾਕੁਰ=ਮਾਲਕ ਜੋ ਆਪ ਜੀ ਦੀ ਸ਼ਰਨ ਵਿਚ ਆਉਂਦਾ ਹੈ ਉਸ ਨੂੰ ਮਿਹਰ ਭਰੀ ਦ੍ਰਿਸ਼ਟੀ ਧਾਰਿ ਕੇ ਰਖ ਲੈਂਦੇ ਹੋ ਭਾਵ ਦੁੱਖਾਂ ਤੋਂ ਅਰ ਨਰਕਾਂ ਤੋਂ ਰਖਿਆ ਕਰਦੇ ਹੋ।

ਯਥਾ— **੧. ਠਾਕੁਰ ਤੁਮ੍ ਸਰਣਾਈ ਆਇਆ ॥**
**ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ ॥**
[ਸਾਰਗ ਮਃ ੫, ਅੰਗ ੧੨੧੮]

PDF created with pdfFactory Pro trial version www.pdffactory.com

**੨. ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

[ਬਿਹਾਗੜਾ ਮਃ ੫, ਅੰਗ ੫੪੪]

## *ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥*

ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਹੇ ਹਰੀ ਜੀਉ ! ਮੈਂ ਸੇਵਕ ਜਨ ਤੁਹਾਡੀ ਸ਼ਰਨ ਵਿਚ ਪਿਆ ਹਾਂ ਹੇ ਮੁਰਾਰੀ ! ਮੇਰੀ ਲਾਜ=ਇੱਜ਼ਤ ਸ਼ਰਮ ਰਾਖਹੁ=ਰੱਖਣਾ ਕਰੋ।

ਮੁਰਾਰੀ : ਮੁਰ+ਆਰੀ=ਮੁਰ ਨਾਮੇ ਦੈਂਤ ਦਾ ਆਰੀ=ਦੁਸ਼ਮਣ ਭਾਵ ਭਗਵਾਨ। ਜਿਵੇਂ ਭਗਵਾਨ ਨੇ ਦ੍ਰੋਪਤੀ ਦੀ ਲਾਜ ਰੱਖੀ ਇਹ ਪ੍ਰਮਾਣ ਹੈ ਇਸੇ ਤਰ੍ਹਾਂ ਅਗਿਆਨ ਰੂਪੀ ਮੁਰ ਦੈਂਤ ਦੇ ਆਰੀ=ਗਿਆਨ ਰੂਪ ਦੁਸ਼ਮਣ ਹੇ ਵਾਹਿਗੁਰੂ ! ਮੇਰੀ ਪ੍ਰਲੋਕ ਵਿਚ ਲਾਜ ਰੱਖਣੀ ਕਰੋ।

ਯਥਾ— **੧. ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ ॥**
**ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥**

[ਸਵਈਏ ਮਃ ੪ ਕੇ, ਅੰਗ ੧੪੦੦]

**੨. ਹਰਿ ਜੂ ਰਾਖਿ ਲੇਹੁ ਪਤਿ ਮੇਰੀ ॥** [ਜੈਤਸਰੀ ਮਃ ੯, ਅੰਗ ੭੦੩]

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹ ॥

PDF created with pdfFactory Pro trial version www.pdffactory.com

ਮੁਖਵਾਕ ਨੰ: ੧੨ [ਆਦਿ ਅੰਗ ੫੨੯]

***ਦੇਵਗੰਧਾਰੀ ਮਹਲਾ ੫ ॥ ਹਰਿ ਪ੍ਰਾਨ ਪ੍ਰਭੂ ਸੁਖਦਾਤੇ ॥ ਗੁਰ ਪ੍ਰਸਾਦਿ ਕਾਹੂ ਜਾਤੇ ॥੧॥ ਰਹਾਉ ॥ ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥ ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ ॥੧॥ ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥ ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ ॥੨॥੮॥***

## *ਹਰਿ ਪ੍ਰਾਨ ਪ੍ਰਭੂ ਸੁਖਦਾਤੇ ॥*

ਗੁਰੂ ਅਰਜੁਨ ਸਾਹਿਬ ਜੀ ਉਸ ਅਕਾਲ ਪੁਰਖ ਵਾਹਿਗੁਰੂ ਦਾ ਜਸ ਕਰਦਿਆਂ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣਾਂ ਤੇ ਸੁਖਾਂ ਦੇ ਦਾਤੇ ਪ੍ਰਭੂ=ਸਮਰੱਥ ਹਰੀ!

ਯਥਾ— **੧. ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ ॥** [ਬਿਲਾਵਲ ਮਹਲਾ ੫, ਅੰਗ ੮੨੦]

**੨. ਪ੍ਰਾਨ ਸੁਖਦਾਤਾ ਜੀਅ ਸੁਖਦਾਤਾ ਤੁਮ ਕਾਹੇ ਬਿਸਾਰਿਓ ਅਗਿਆਨਥ ॥** [ਮਾਰੂ ਮਹਲਾ ੫, ਅੰਗ ੧੦੦੧]

## *ਗੁਰ ਪ੍ਰਸਾਦਿ ਕਾਹੂ ਜਾਤੇ ॥੧॥ਰਹਾਉ॥*

ਗੁਰਾਂ ਦੀ ਪ੍ਰਸਾਦਿ=ਕਿਰਪਾ ਨਾਲ ਕਿਸੇ ਵਿਰਲੇ ਨੇ ਹੀ ਆਪ ਨੂੰ ਜਾਤੇ=ਜਾਣਿਆ ਹੈ।

ਯਥਾ— **੧. ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥** [ਗਉੜੀ ਸੁਖਮਨੀ ਮਃ ਅੰਗ ੨੯੦]

**੨. ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥** [ਗਉੜੀ ਮਹਲਾ ੫, ਅੰਗ ੧੮੬]

## *ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥*

[ਇਸ ਤੁਕ ਬਾਰੇ ਸਾਖੀ ਸ਼ਬਦ ਦੇ ਅਖੀਰ ਵਿਚ ਵੇਖੋ]

ਹੇ ਪ੍ਰੀਤਮ=ਪ੍ਰਮਾਤਮਾ! ਸੰਤ ਤੁਹਾਡੇ ਦਾਸ ਹਨ, ਆਪ ਸੰਤਾਂ ਦੇ ਪ੍ਰੀਤਮ=ਪਿਆਰੇ ਹੋ ਅਥਵਾ ਹੇ ਪ੍ਰੀਤਮ=ਪ੍ਰਭੂ ਤੁਹਾਡੇ ਸੰਤ ਪ੍ਰੀਤਮ=ਪਿਆਰੇ ਹਨ ਉਹਨਾਂ ਨੂੰ ਕਾਲ ਨਹੀਂ ਖਾਂਦਾ।

ਯਥਾ— **੧. ਸਾਕਤ ਮਰਹਿ ਸੰਤ ਸਭਿ ਜੀਵਹਿ ॥** [ਕਬੀਰ ਜੀ, ਅੰਗ ੩੨੬]

**੨. ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ ॥** [ਆਸਾ ਮਹਲਾ ੫, ਅੰਗ ੪੫੭]

## *ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੈ ॥੧॥*

ਕਿਉਂਕਿ ਸੰਤ ਜਨ ਆਪ ਜੀ ਦੇ ਰੰਗਿ=ਪ੍ਰੇਮ ਵਿਚ ਲਾਲ=ਬ੍ਰਹਮ ਗਿਆਨ ਦੇ ਸਹਿਤ ਹੋਏ ਹਨ, ਜਿਸ ਤਰ੍ਹਾਂ ਲਾਲ ਬੇਕੀਮਤਾ ਹੁੰਦਾ ਹੈ ਇਸੇ ਤਰ੍ਹਾਂ ਬ੍ਰਹਮ ਗਿਆਨ ਦੀ ਕੋਈ ਕੀਮਤ ਨਹੀਂ ਹੈ। ਗੁਰਬਾਣੀ ਵਿਚ ਅਕਸਰ ਲਾਲ ਰੰਗ ਬ੍ਰਹਮ ਗਿਆਨ ਦਾ ਮੰਨਿਆ ਹੈ ਇਸ ਰੰਗ ਦੇ ਸਹਿਤ ਹੋਏ ਹਨ ਅਤੇ ਰਾਮ ਨਾਮ ਰੂਪੀ ਰਸ ਵਿਚ ਮਾਤੇ=ਮਸਤ ਰਹਿੰਦੇ ਹਨ।

ਯਥਾ— **੧. ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥** [ਬਿਲਾਵਲ ਮਹਲਾ ੫, ਅੰਗ ੮੦੮]

**੨. ਗੁਰਮੁਖਿ ਲਾਲੋ ਲਾਲੁ ਹੈ ਜਿਉ ਰੰਗਿ ਮਜੀਠ ਸਚੜਾਉ ॥** [ਵਾਰ ਸੂਹੀ ਮਃ ੩, ਅੰਗ ੭੮੬]

PDF created with pdfFactory Pro trial version www.pdffactory.com

## ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ ॥

ਹੇ ਪ੍ਰਭ=ਵਾਹਿਗੁਰੂ ਆਪ ਜੀ ਦੀ ਕਿਰਪਾ ਦੀ ਭਰੀ ਦ੍ਰਿਸਟਿ=ਨਿਗ੍ਹਾ ਨਾਲ "ਮਹਾ ਕਿਲਬਿਖ"=ਬੜੇ ਭਾਰੀ ਪਾਪ, ਦੋਖ ਅਤੇ ਰੋਗ ਹਾਤੇ=ਨਾਸ ਹੋ ਜਾਂਦੇ ਹਨ।

**ਕਿਲਬਿਖ**=ਸੰਸਕ੍ਰਿਤ ਵਿਚ ਕਿਲਵਿਸ਼ ਮਾਤਰੀ ਬੋਲੀ ਪਾਪ, ਗੁਨਾਹ ਅਪਰਾਧ।

ਗੁਰਮਤ ਵਿਚ ਚਾਰ ਉਗ੍ਰ ਪਾਪ ਮੰਨੇ ਹਨ।

ਯਥਾ— **ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ ॥** [ਸਲੋਕ ਮਹਲਾ ੩, ਅੰਗ ੧੪੧੩]

ਬ੍ਰਹਮ ਬੇਤਾ ਦਾ ਘਾਤ, ਹਿੰਦੂ ਮੱਤ ਵਿਚ ਬ੍ਰਾਹਮਣਾਂ ਦਾ ਘਾਤ ਮੰਨਿਆ ਹੈ ਪਰ ਗੁਰਮਤਿ ਵਿਚ ਜਾਤੀ ਵਿਤਕਰਾ ਨਹੀਂ ਬ੍ਰਹਮਵੇਤਾ ਕਿਸੇ ਜਾਤ ਵਿਚ ਵੀ ਹੋ ਸਕਦਾ ਹੈ। ਕੈਲੀ ਘਾਤੁ=ਗਊ ਦਾ ਮਾਰਨਾ। ਕੰਞਕਾ=ਲੜਕੀ ਵੇਚਣੀ ਦਾ ਮਾਰਨੀ, ਅਣਚਾਰੀ=ਦੁਰਾਚਾਰੀ ਦਾ ਧਾਨ ਖਾਣਾ। ਪਾਪ ਤਾਂ ਹਰ ਮਨੁੱਖ ਦੇ ਮਾਰਨ ਦਾ ਵੀ ਹੈ ਪਰ ਬ੍ਰਹਮ ਬੇਤਾ ਦੇ ਮਾਰਨ ਦਾ ਮਹਾਂ ਪਾਪ ਹੈ। ਪਾਪ ਤਾਂ ਬਾਕੀ ਜੀਵਾਂ ਦੇ ਮਾਰਨ ਦਾ ਵੀ ਲੱਗਦਾ ਹੈ ਪਰ ਗਊ ਦੇ ਮਾਰਨ ਦਾ ਮਹਾਂ ਪਾਪ ਹੈ। ਪਾਪ ਤਾਂ ਲੜਕੇ ਮਾਰਨ ਦਾ ਵੀ ਹੈ ਪਰ ਲੜਕੀ ਮਾਰਨ ਦਾ ਮਹਾਂ ਪਾਪ ਹੈ। ਪਾਪ ਤਾਂ ਪਰਾਏ ਹੱਕ ਖਾਣ ਦਾ ਵੀ ਹੈ ਪਰ ਦੁਰਾਚਾਰੀ ਦੇ ਧਨ ਨੂੰ ਖਾਣ ਦਾ ਮਹਾਂ ਪਾਪ ਹੈ ਇਹਨਾਂ ਦਾ ਨਾਸ ਗੁਰਮਤਿ ਵਿਚ ਇਸ ਪ੍ਰਕਾਰ ਹੁੰਦਾ ਹੈ।

ਯਥਾ— **ਚਾਰੇ ਕਿਲਵਿਖ ਉਨਿ ਅਘ ਕੀਏ ਹੋਆ ਅਸੁਰ ਸੰਘਾਰ ॥** [ਸਿਰੀਰਾਗੁ ਮਹਲਾ ੫, ਅੰਗ ੭੦]

## ਸੋਵਤ ਜਾਗਿ ਹਰਿ ਹਰਿ ਹਰਿ ਗਾਇਆ
## ਨਾਨਕ ਗੁਰ ਚਰਨ ਪਰਾਤੇ ॥੨॥੮॥

ਗੁਰੂ ਜੀ ਕਥਨ ਕਰਦੇ ਹਨ ਗੁਰਮੁਖਾਂ ਨੇ ਗੁਰੂ ਦੇ ਚਰਨਾਂ ਵਿਚ ਪਰਾਤੇ=ਪੈਣਾ ਕੀਤਾ ਹੈ ਅਥਵਾ ਪ੍ਰੇਮ ਨਾਲ ਧਾਰਨ ਕੀਤੇ ਸੁਤਿਆਂ, ਜਾਗਦਿਆਂ, ਉਠਦਿਆਂ, ਬਹਿੰਦਿਆਂ ਹਰੀ ਦੇ ਹਰਿ ਹਰਿ ਨਾਮ ਨੂੰ ਗਾਵਿਆ=ਉਚਾਰਨ ਕੀਤਾ ਹੈ ਭਾਵ ਸੁਆਸ-ਸੁਆਸ ਨਾਮ ਦਾ ਸਿਮਰਨ ਕੀਤਾ ਹੈ ਕਿਉਂਕਿ ਉਹਨਾਂ ਮਹਾਂ ਪੁਰਖਾਂ ਦਾ ਜੀਵਨ ਹੀ ਐਸਾ ਬਣ ਗਿਆ ਹੈ।

ਯਥਾ— **੧. ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥**
[ਗਉੜੀ ਮਹਲਾ ੫, ਅੰਗ ੨੮੬]

**੨. ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥੧॥**
[ਮਾਝ ਮਹਲਾ ੫, ਅੰਗ ੧੦੧]

**੩. ਊਠਤ ਬੈਠਤ ਸੋਵਤੇ ਹਰਿ ਹਰਿ ਹਰਿ ਚੇਤ ॥** [ਬਿਲਾਵਲੁ ਮਹਲਾ ੫, ਅੰਗ ੮੧੦]

***ਨੋਟ :*** ਸ਼ਬਦ ਦੀ ਤੀਸਰੀ ਤੁਕ "ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ ॥" 'ਤੇ ਭਗਤ ਜੈਦੇਵ ਜੀ ਦੇ ਤਪੱਸਿਆ ਦੇ ਪ੍ਰਭਾਵ ਦੀ ਇਕ ਸਾਖੀ ਹੈ।

ਭਗਤ ਜੈਦੇਵ ਜੀ ਬੜੇ ਕਰਨੀ ਕਮਾਈ ਵਾਲੇ ਪ੍ਰਭੂ ਦੇ ਸਿਮਰਨ ਕਰਕੇ ਆਪ ਤਾਂ ਕਾਲ ਦੇ ਖਾਣ ਤੋਂ ਰਹਿਤ ਹੋਏ ਹੀ ਸਨ, ਇਤਨੀ ਸਮਰੱਥਾ ਦੇ ਮਾਲਕ ਸਨ ਜਿਸ ਨੂੰ ਚਾਹੁਣ ਉਸ ਨੂੰ ਵੀ ਕਾਲ ਦੇ ਖਾਣ ਤੋਂ ਬਚਾ ਸਕਦੇ ਸਨ; ਜੈਸਾ ਕਿ :

**ਆਪਿ ਮੁਕਤੁ ਅਵਰਾ ਮੁਕਤੁ ਕਰਾਵੈ ॥** [ਅੰਗ ੬੬੪]

PDF created with pdfFactory Pro trial version www.pdffactory.com

ਪਰ ਪ੍ਰਭੂ ਦੇ ਭਾਣੇ ਵਿਚ ਰਹਿਣ ਵਾਲੇ ਸਨ। ਇਨ੍ਹਾਂ ਦਾ ਪ੍ਰੇਮ ਸਗਰੌਨ ਦੇ ਰਾਜੇ ਅਤੇ ਸੰਤਾਂ ਦੇ ਮਿਲਾਪੀ ਰਾਜਾ ਪੀਪਾ ਜੀ ਨਾਲ ਸੀ, ਜੋ ਬਾਅਦ ਵਿਚ ਭਗਤ ਪੀਪਾ ਦੇ ਨਾਮ 'ਤੇ ਪ੍ਰਸਿੱਧ ਹੋਏ। ਪੀਪਾ ਜੀ ਦੀ ਰਾਣੀ ਸੀਤਾ ਅਤੇ ਜੈਦੇਵ ਦੀ ਪਤਨੀ ਪਦਮਾਵਤੀ ਜੋ ਪਤੀਵਰਤਾ ਔਰਤਾਂ ਸਨ। ਇਨ੍ਹਾਂ ਦੋਨਾਂ ਦਾ ਭੀ ਆਪਣੇ ਪਤੀਆਂ ਦੀ ਤਰ੍ਹਾਂ ਆਪਸ ਵਿਚ ਮਿਲਾਪ ਸੀ। ਇਕ ਦਿਨ ਦੋਵੇਂ ਆਪਸ ਵਿਚ ਬੈਠੀਆਂ ਗੱਲਾਂ ਕਰਦੀਆਂ ਸਨ। ਪੀਪਾ ਜੀ ਦੀ ਪਤਨੀ ਰਾਣੀ ਸੀਤਾ ਨੇ ਆਪਣੇ ਪੇਕੇ ਪਰਿਵਾਰ ਦੀ ਗੱਲ ਕੀਤੀ ਕਿ ਮੇਰੇ ਭਰਾਵਾਂ ਦੀ ਮੌਤ ਹੋ ਗਈ, ਮੇਰੀਆਂ ਭਰਜਾਈਆਂ ਆਪਣੇ ਪਤੀਆਂ ਨਾਲ ਸੜ ਕੇ ਸਤੀਆਂ ਹੋ ਗਈਆਂ। ਮੇਰੀਆਂ ਭਰਜਾਈਆਂ ਦੀ ਸੋਭਾ ਸਾਰੇ ਲੋਕ ਕਰਦੇ ਹਨ ਕਿ ਅੱਗ ਵਿਚ ਤਾਂ ਇਕ ਉਂਗਲ ਸਾੜਨੀ ਵੀ ਔਖੀ ਹੈ, ਪਰ ਉਹ ਤਾਂ ਆਪਣੇ ਪਤੀਆਂ ਦੇ ਪਿਆਰ ਵਿਚ ਆਪਣੇ ਸਾਰੇ ਸਰੀਰ ਨੂੰ ਸਾੜ ਕੇ ਸਤੀਆਂ ਹੋ ਗਈਆਂ ਹਨ। ਇਸ ਲਈ ਉਨ੍ਹਾਂ ਦੀ ਸਾਰੇ ਲੋਕ ਸਤੀਆਂ ਦੇ ਰੂਪ ਵਿਚ ਸੋਭਾ ਕਰਦੇ ਹਨ। ਇਹ ਗੱਲਾਂ ਸੁਣ ਕੇ ਭਗਤ ਜੈਦੇਵ ਜੀ ਦੀ ਪਤਨੀ ਪਦਮਾਵਤੀ ਨੇ ਕਿਹਾ ਕਿ ਅੱਗ ਵਿਚ ਸੜਨ ਨਾਲ ਸਤੀਆਂ ਨਹੀਂ ਹੋ ਸਕੀਦਾ, ਸਤੀ ਤਾਂ ਅਸਲ ਉਹ ਹੁੰਦੀ ਹੈ ਜੋ ਪਤੀ ਦੀ ਮੌਤ ਸੁਣਦਿਆਂ ਹੀ ਬਿਰਹੇ ਦੀ ਚੋਟ ਨਾਲ ਪ੍ਰਾਣ ਤਿਆਗ ਦੇਵੇ, ਜੈਸਾ ਕਿ ਗੁਰੂ ਜੀ ਦਾ ਫ਼ੁਰਮਾਨ ਹੈ:

**ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍॥** [ਅੰਗ ੭੮੭]

ਇਹ ਗੱਲ ਸੁਣ ਕੇ ਪੀਪੇ ਦੀ ਰਾਣੀ ਨੇ ਮਨ ਵਿਚ ਗ਼ੁੱਸਾ ਕੀਤਾ, ਇਸ ਦੀ ਕਹੀ ਹੋਈ ਗੱਲ ਦੀ ਪ੍ਰੀਕਸ਼ਾ ਲੈਣ ਵਾਸਤੇ ਇਕ ਦਿਨ ਆਪਣੇ ਪਤੀ ਰਾਜੇ ਪੀਪੇ ਨੂੰ ਕਿਹਾ ਕਿ ਅੱਜ ਤੁਸੀਂ ਮੇਰਾ ਇਕ ਕੰਮ ਜ਼ਰੂਰ ਕਰਨਾ, ਬੇਨਤੀ ਹੈ ਕਿ ਜਵਾਬ ਨਹੀਂ ਦੇਣਾ। ਇਹ ਕਹਿੰਦਿਆਂ ਇਕ ਸੁੰਦਰ ਪੁਸ਼ਾਕ ਜੋ ਰਾਣੀ ਸੀਤਾ ਨੇ ਬਣਵਾ ਕੇ ਰੱਖੀ ਸੀ, ਪੀਪਾ ਜੀ ਦੇ ਅੱਗੇ ਰੱਖਦਿਆਂ ਕਿਹਾ ਕਿ ਜਦੋਂ ਜੰਗਲ ਵਿਚ ਸ਼ਿਕਾਰ ਖੇਡਣ ਜਾਉਗੇ ਤਾਂ ਭਗਤ ਜੈਦੇਵ ਜੀ ਨੂੰ ਇਹ ਪੁਸ਼ਾਕ ਪਹਿਨਾ ਦੇਣੀ, ਉਸ ਦੇ ਬਸਤਰ ਪਹਿਨੇ ਹੋਏ ਉਤਾਰ ਕੇ ਕੋਲ ਲੈ ਲੈਣੇ। ਤੇ ਸ਼ਿਕਾਰ ਕੀਤੇ ਕਿਸੇ ਜਾਨਵਰ ਦੇ ਖ਼ੂਨ ਵਿਚ ਭਿਉਂ ਕੇ ਨੌਕਰ ਦੇ ਹੱਥ ਮੇਰੇ ਕੋਲ ਭੇਜ ਦੇਣੇ ਕਿਉਂਕਿ ਮੈਂ ਪਦਮਾਵਤੀ ਦੀ ਪ੍ਰੀਕਸ਼ਾ ਲੈਣੀ ਹੈ। ਪੀਪਾ ਜੀ ਇਸ ਗੱਲ ਨਾਲ ਸਹਿਮਤ ਹੋ ਗਏ। ਸਭ ਕੁਝ ਏਸੇ ਤਰ੍ਹਾਂ ਹੀ ਕੀਤਾ। ਜਦੋਂ ਰਾਜਾ ਸ਼ਿਕਾਰ ਖੇਡਣ ਚੱਲਿਆ ਤਾਂ ਰਸਤੇ ਵਿਚ ਭਗਤ ਜੈਦੇਵ ਜੀ ਸਮਾਧੀ ਲਾਈ ਬੈਠੇ ਸਨ। ਰਾਜੇ ਨੇ ਬੇਨਤੀ ਕਰਕੇ ਭਗਤ ਜੈਦੇਵ ਜੀ ਨੂੰ ਨਵੀਂ ਪੁਸ਼ਾਕ ਪਹਿਨਾਈ ਅਤੇ ਪੁਰਾਣੇ ਬਸਤਰ ਆਪਣੇ ਕੋਲ ਲੈ ਲਏ ਤੇ ਉਨ੍ਹਾਂ ਬਸਤਰਾਂ ਨੂੰ ਸ਼ਿਕਾਰ ਕੀਤੇ ਹੋਏ ਜਾਨਵਰ ਦੇ ਖ਼ੂਨ ਵਿਚ ਭਿਉਂ ਲਿਆ ਅਤੇ ਨੌਕਰ ਦੇ ਹੱਥ ਆਪਣੀ ਰਾਣੀ ਸੀਤਾ ਕੋਲ ਭਿਜਵਾ ਦਿੱਤੇ ਤਾਂ ਰਾਣੀ ਸੀਤਾ ਨੇ ਭਗਤ ਜੀ ਦੀ ਪਤਨੀ ਪਦਮਾਵਤੀ ਕੋਲ ਨਕਲੀ ਜਿਹਾ ਦੁਖ ਜ਼ਾਹਰ ਕਰਦਿਆਂ ਕਿਹਾ ਕਿ ਭੈਣੇ ਗ਼ਜ਼ਬ ਹੋ ਗਿਆ ਮੇਰਾ ਪਤੀ ਮਹਾਰਾਜ ਜਦੋਂ ਸ਼ਿਕਾਰ ਨੂੰ ਗਿਆ ਤਾਂ ਉਸ ਨੇ ਦੇਖਿਆ ਕਿ ਜੰਗਲ ਵਿਚ ਜਿਥੇ ਭਗਤ ਜੈਦੇਵ ਜੀ ਤਪੱਸਿਆ ਕਰ ਰਹੇ ਸਨ, ਸ਼ੇਰ ਨੇ ਉਨ੍ਹਾਂ ਦਾ ਘਾਤ ਕਰ ਦਿੱਤਾ ਤੇ ਉਨ੍ਹਾਂ ਦੇ ਖ਼ੂਨ ਵਿਚ ਭਿੱਜੇ ਅਤੇ ਪਾਟੇ ਹੋਏ ਬਸਤਰ ਹੀ ਹੱਥ ਲੱਗੇ ਹਨ।

ਇਹ ਸੁਣਦਿਆਂ ਹੀ ਪਦਮਾਵਤੀ ਨੇ ਪ੍ਰਾਣ ਤਿਆਗ ਦਿੱਤੇ। ਉਨ੍ਹਾਂ ਦੇ ਪ੍ਰਾਣ ਤਿਆਗਣ ਤੋਂ ਰਾਣੀ ਸੀਤਾ ਅਤੇ ਰਾਜਾ ਪੀਪਾ ਜੀ ਨੂੰ ਬੜਾ ਭਾਰੀ ਦੁਖ ਹੋਇਆ ਕਿ ਸਾਡੇ ਕੋਲੋਂ ਕੈਸਾ ਅਪਰਾਧ ਹੋ ਗਿਆ ਹੈ ਅਤੇ ਜਲਦੀ ਜਲਦੀ ਭਗਤ ਜੈਦੇਵ ਜੀ ਨੂੰ ਬੁਲਾਇਆ ਅਤੇ ਪੈਰ ਫੜ ਕੇ ਰੋ-ਰੋ ਕੇ ਕਿਹਾ ਕਿ ਭਗਤ ਜੀ ਸਾਡੀ ਗ਼ਲਤੀ ਨਾਲ ਜਿਸ ਵਿਚ ਮੈਂ ਵੀ ਸ਼ਾਮਲ ਹਾਂ, ਮੇਰੀ ਰਾਣੀ ਪ੍ਰੀਕਸ਼ਾ ਲੈਣਾ ਚਾਹੁੰਦੀ ਸੀ ਪਰ ਹੋਰ ਦਾ ਹੋਰ ਹੀ ਹੋ ਗਿਆ ਹੈ।

ਭਾਣਾ ਮੰਨਣ ਵਾਲੇ ਪੂਰਨ ਮਹਾਂਪੁਰਸ਼ ਭਗਤ ਜੈਦੇਵ ਜੀ ਨੇ ਕਿਹਾ ਕਿ ਹੇ ਰਾਜਨ! ਉਹਦਾ ਜੀਵਨ ਇਤਨਾ ਹੀ ਹੋਵੇਗਾ ਜੋ ਮੇਰੇ ਨਾਲ ਸਾਥ ਨਿਭਾ ਕੇ ਪ੍ਰਲੋਕ ਚਲੀ ਗਈ ਹੈ, ਇਕ ਦਿਨ ਤਾਂ ਸਭਨਾਂ ਨੇ ਹੀ ਜਾਣਾ ਹੈ, ਕੋਈ ਅੱਗੇ ਕੋਈ ਪਿੱਛੇ। ਤੂੰ ਦੁਖ ਨਾ ਮਨਾ, ਤਾਂ ਪੀਪਾ ਜੀ ਨੇ ਕਿਹਾ ਕਿ ਆਪ ਤਾਂ ਸਮਰੱਥ ਹੋ ਇਸ ਨੂੰ ਜੀਵਤ

PDF created with pdfFactory Pro trial version www.pdffactory.com

ਕਰੋ। ਭਗਤ ਜੈਦੇਵ ਜੀ ਨੇ ਐਸਾ ਕਰਨ ਤੋਂ ਨਾਂਹ ਕਰ ਦਿੱਤੀ ਤਾਂ ਰਾਜਾ ਪੀਪਾ ਬਹੁਤ ਹੱਠ ਕਰਨ ਲੱਗਾ ਅਤੇ ਆਪਣੇ ਮਨ ਹੀ ਮਨ ਫ਼ੈਸਲਾ ਕੀਤਾ ਕਿ ਮੈਂ ਐਸਾ ਪਾਪ ਦਾ ਬੋਝ ਲੈ ਕੇ ਜੀਅ ਨਹੀਂ ਸਕਦਾ। ਐਸੇ ਜੀਵਨ ਨਾਲੋਂ ਮਰ ਜਾਣਾ ਚੰਗਾ ਹੈ। ਇਹ ਕਹਿੰਦਿਆਂ ਲੱਕੜਾਂ ਇਕੱਠੀਆਂ ਕਰਵਾ ਕੇ ਅੱਗ ਲਗਵਾ ਦਿੱਤੀ, ਜਿਉਂਦਾ ਸੜਨ ਲੱਗਾ ਤਾਂ ਭਗਤ ਜੈਦੇਵ ਜੀ ਨੇ, ਸੰਤ ਜਨ ਕਾਲ ਦੀ ਮਾਰ ਤੋਂ ਬਾਹਰ ਹਨ, ਦਾ ਸਬੂਤ ਦਿੰਦਿਆਂ ਰਾਜੇ ਨੂੰ ਚਿਖਾ ਵਿਚ ਸੜਨ ਤੋਂ ਰੋਕਦਿਆਂ ਤੇ ਆਪਣੀ ਪਤਨੀ ਪਦਮਾਵਤੀ ਨੂੰ ਜਲ ਦਾ ਸਿੱਟਾ ਮਾਰ ਕੇ ਜਿਉਂਦਾ ਕਰ ਦਿੱਤਾ। ਇਸ ਕਰਕੇ ਪ੍ਰਭੂ ਦੇ ਸੰਤ ਜੋ ਉਹਦੇ 'ਚ ਪ੍ਰੀਤ ਕਰਨ ਵਾਲੇ ਹਨ, ਉਹ ਆਪ ਤਾਂ ਕਾਲ ਤੋਂ ਮੁਕਤ ਹਨ ਅਤੇ ਹੋਰਨਾਂ ਨੂੰ ਵੀ ਕਾਲ ਦੇ ਖਾਣ ਤੋਂ ਬਚਾ ਲੈਂਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰ: ੧੩ [ਆਦਿ ਅੰਗ ੫੩੧]

**ਦੇਵਗੰਧਾਰੀ ਮਹਲਾ ੫ ॥ ਮਾਈ ਪ੍ਰਭ ਕੇ ਚਰਨ ਨਿਹਾਰਉ ॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥੧॥ ਰਹਾਉ ॥ ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥ ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥ ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥ ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ ॥੨॥੧੯॥**

## ਮਾਈ ਪ੍ਰਭ ਕੇ ਚਰਨ ਨਿਹਾਰਉ ॥

ਗੁਰੂ ਅਰਜਨ ਸਾਹਿਬ ਜੀ ਸਿੱਖ ਮੁੱਖ ਦੁਆਰਾ ਉਚਾਰਦੇ ਹਨ। ਹੇ ਮਾਈ=ਮਾਇਆ ਪਤੀ ਪ੍ਰਭੂ ਪਰਮੇਸ਼ਰ ਮੈਂ ਆਪ ਜੀ ਦੇ ਚਰਨਾਂ ਵੱਲ ਨਿਹਾਰਉ=ਵੇਖਦਾ ਹਾਂ।

ਯਥਾ— **੧. ਮਾਈ ਰੀ ਚਰਨਹ ਓਟ ਗਹੀ ॥** [ਸਾਰਗ ਮਹਲਾ ੫, ਅੰਗ ੧੨੨੫]

**੨. ਚਰਨ ਕਮਲ ਕੀ ਆਸ ਪਿਆਰੇ ॥ ਜਮਕੰਕਰ ਨਸਿ ਗਏ ਵਿਚਾਰੇ ॥੧॥**
[ਆਸਾ ਮਹਲਾ ੫, ਅੰਗ ੩੮੯]

## ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥੧॥ਰਹਾਉ॥

ਹੇ ਮੇਰੇ ਸੁਆਮੀ=ਮਾਲਕ ਆਪ ਮੇਰੇ ਤੇ ਅਜਿਹੀ ਅਨੁਗ੍ਰਹੁ=ਕ੍ਰਿਪਾ ਕਰਹੁ ਜੋ ਆਪਣੇ ਮਨ ਵਿਚੋਂ ਮੈਨੂੰ ਕਦੇ ਵੀ ਭੁਲਾਵੋ ਨ, ਅਥਵਾ ਮੈਂ ਆਪਣੇ ਮਨ ਵਿਚੋਂ ਤੁਹਾਨੂੰ ਕਦੇ ਵੀ ਭੁਲਾਵਾਂ ਨਾ।

ਯਥਾ— **੧. ਕਰਹੁ ਅਨੁਗ੍ਰਹੁ ਸੁਆਮੀ ਮੇਰੇ ਗਨਹੁ ਨ ਮੋਹਿ ਕਮਾਇਓ ॥**
[ਗੂਜਰੀ ਮਹਲਾ ੫, ਅੰਗ ੫੦੧]

**੨. ਕਰੈ ਅਨੁਗ੍ਰਹੁ ਸੁਆਮੀ ਮੇਰਾ ਸਾਧ ਚਰਨ ਚਿਤੁ ਲਾਈਐ ॥**
[ਦੇਵਗੰਧਾਰੀ ਮਹਲਾ ੫, ਅੰਗ ੫੩੨]

## ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥

ਜਦੋਂ ਪੂਰਨ ਪੁਰਖਾਂ ਦੀ ਜੋ ਆਮ ਧੂੜ ਵਿਚੋਂ ਮੁਖਿ=ਮੁਖੀ ਹੈ ਉਹ ਮਸਤਕਿ=ਮੱਥੇ ਤੇ ਲਾਈ ਅਥਵਾ ਮੂੰਹ ਤੇ ਮੱਥੇ ਤੇ ਲਾਈ ਅਥਵਾ ਮੁਖੀ ਸੰਤਾਂ ਦੀ ਚਰਣ ਧੂੜ ਮਸਤਕ ਨੂੰ ਲਾਈ ਅਤੇ ਕਾਮ ਕ੍ਰੋਧ ਜੋ ਬਿਖੁ=ਜ਼ਹਿਰ ਵਰਗੇ ਸਨ ਇਹਨਾਂ ਨੂੰ ਗਿਆਨ ਅਗਨੀ ਨਾਲ ਜਾਰਉ=ਸਾੜ ਦਿੱਤਾ ਹੈ ਵਾ: ਕਾਮ ਨੂੰ ਵਸਤ ਵੀਚਾਰ ਅਤੇ ਕ੍ਰੋਧ ਨੂੰ ਖਿਮਾਂ ਨਾਲ ਨਾਸ ਕੀਤਾ ਹੈ।

ਯਥਾ— **ਸਾਧੂ ਧੂਰਿ ਮੁਖਿ ਮਸਤਕਿ ਲਾਈ ॥ ਨਾਨਕ ਉਧਰੇ ਹਰਿ ਗੁਰ ਸਰਣਾਈ ॥**
[ਸੂਹੀ ਮਹਲਾ ੫, ਅੰਗ ੭੪੪]

## ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥

ਜੀਵਨ ਜਾਚ ਦਸਦਿਆਂ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਆਤਮ=ਆਪਣੇ ਆਪ ਨੂੰ ਸਭ ਤੋਂ ਨੀਚ

PDF created with pdfFactory Pro trial version www.pdffactory.com

ਕਰਕੇ ਮੰਨਦਾ ਹਾਂ। ਇਸ ਤਰੀਕੇ ਨਾਲ ਮਨ ਵਿਚ ਸੁੱਖ ਨੂੰ ਧਾਰਿਆ ਹੈ।੧।

ਯਥਾ— **ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥** [ਗਉੜੀ ਮਃ ੫, ਅੰਗ ੨੬੬]

## *ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ॥*

ਹੇ ਅਬਿਨਾਸੀ=ਨਾਸ ਤੋਂ ਰਹਿਤ ਠਾਕੁਰ=ਮਾਲਕ ਆਪ ਦੇ ਜਸ ਰੂਪ ਗੁਣ ਰੂਪ ਗੁਣ ਗਾਉਂਦੇ ਹਾਂ ਆਪ ਸਾਡੇ ਸਾਰੇ ਕਲਮਲ=ਪਾਪ ਝਾਰਉ=ਝਾੜ ਦਿਓ, ਭਾਵ ਨਾਸ ਕਰ ਦੇਵੋ।

ਯਥਾ— **੧. ਕਲਮਲ ਦੂਖ ਜਾਰੇ ਪ੍ਰਭੂ ਚਿਤਾਰੇ ਮਨ ਕੀ ਦੁਰਮਤਿ ਨਾਸੀ॥** [ਸੂਹੀ ਮਹਲਾ ੫ ਅੰਗ ੭੮੧]

**੨. ਕਲਮਲ ਦੋਖ ਸਗਲ ਪਰਹਰਿਆ॥** [ਆਸਾ ਮਃ ਅੰਗ ੩੯੫]

## *ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ॥੨॥੧੯॥*

ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਆਪ ਤੋਂ ਨਿਧਾਨੁ=ਨਿਧੀਆਂ ਦਾ ਘਰ ਨਾਮ ਦਾ ਦਾਨ ਪਾਵਹੁ=ਪ੍ਰਾਪਤ ਕਰਾਂ ਤਾਂ ਉਸਨੂੰ ਕੰਠ ਵਿਚ ਧਾਰ ਕੇ ਉਰਿ=ਛਾਤੀ ਨਾਲ ਲਾਵਾਂਗਾ ਅਥਵਾ-ਸਿਮਰਨ ਕਰਦਾ ਹੋਇਆ ਹਿਰਦੇ ਵਿਚ ਧਾਰ ਕੇ ਰੱਖਾਂਗਾ।

ਯਥਾ— **੧. ਨਾਮੁ ਨਿਧਾਨੁ ਅਪਾਰੁ ਭਗਤਾ ਮਨਿ ਵਸੈ॥** [ਸੂਹੀ ਮਹਲਾ ੫, ਅੰਗ ੭੬੧]

**੨. ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ॥** [ਵਾਰ ਗੂਜਰੀ, ਅੰਗ ੫੨੨]

ਇਸ ਸ਼ਬਦ ਵਿਚ ਵੱਖਰੇ-ਵੱਖਰੇ ਪੱਖ ਦਾ ਉਪਦੇਸ਼ ਇਕ ਦੂਜੇ ਵਿਚ ਸਮਲਿਤ ਪ੍ਰਮਾਰਥੀ ਬਚਨਾਂ ਦੇ ਸੁਚੇ ਮੋਤੀ ਸ਼ਬਦ ਰੂਪ ਲੜੀ ਵਿਚ ਪਰੋ ਕੇ ਇਕ ਮਾਲਾ ਦੀ ਤਰ੍ਹਾਂ ਸ਼ਬਦ ਦਾ ਸਿਧਾਂਤ ਵਰਨਣ ਕੀਤਾ ਹੈ ਇਸ ਸ਼ਬਦ ਦੀਆਂ ਛੇ ਤੁਕਾਂ ਹਨ। ਪਹਿਲੀ ਤੁਕ ਵਿਚ ਪ੍ਰਭੂ ਦੇ ਚਰਣਾਂ ਵੱਲ ਤੱਕਣ ਭਾਵ ਧਿਆਨ ਦਾ ਉਪਦੇਸ਼ ਹੈ। ਦੂਜੀ ਪੰਗਤੀ ਵਿਚ ਮਾਲਕ ਨੂੰ ਦਇਆ ਦ੍ਰਿਸ਼ਟੀ ਦੀ ਜਾਚਨਾ ਦਾ ਭਾਵ ਹੈ। ਤੀਸਰੀ ਤੁਕ ਵਿਚ ਪੂਰਨ ਪੁਰਖਾਂ ਦੇ ਚਰਨਾਂ ਦੀ ਧੂੜ ਦਾ ਚਮਤਕਾਰ ਕਿ ਜਿਸ ਕਾਮ ਕ੍ਰੋਧ ਨੂੰ ਵੱਡੇ-ਵੱਡੇ ਯਤਨਾਂ ਨਾਲ ਨਹੀਂ ਮਾਰਿਆ ਜਾ ਸਕਦਾ ਉਹ ਨਿਰਯਤਨ, ਸਹਿਜੇ ਹੀ ਸਾਧੂ ਦੀ ਧੂਰ ਮੁਖ ਮਸਤਕ ਲਾਉਣ ਨਾਲ ਨਾਸ ਹੋਣ ਦਾ ਭਾਵ ਲਿਆ ਹੈ। ਚੌਥੀ ਪੰਗਤੀ ਵਿਚ ਸਿੱਖ ਨੂੰ ਸਿਮਰਨ ਦਾ ਪਾਠ ਪੜ੍ਹਾਇਆ ਹੈ ਕਿ ਆਪਣੇ ਆਪ ਨੂੰ ਸਭ ਤੋਂ ਨੀਵਾਂ ਮੰਨਕੇ ਮਨ ਵਿਚ ਜੋ ਸੁਖ ਪ੍ਰਾਪਤ ਹੁੰਦਾ ਹੈ ਉਹ ਹੋਰ ਕਿਸੇ ਸਾਧਨ ਵਿਚ ਨਹੀਂ ਐਸਾ ਚੌਥੀ ਤੁੱਕ ਦਾ ਸਿਧਾਂਤ ਹੈ। ਪੰਜਵੀਂ ਤੁਕ ਵਿਚ ਨਾਮ ਰਹਿਤ ਪ੍ਰਮਾਤਮਾਂ ਦੇ ਗੁਣ ਗਾਉਣ ਤੋਂ ਪਾਪਾਂ ਦਾ ਨਾਸ ਦਰਸਾਇਆ ਹੈ। ਛੇਵੀਂ ਤੁਕ ਵਿਚ ਨਾਮ ਖਜ਼ਾਨੇ ਦਾ ਦਾਨ ਸਤਿਗੁਰਾਂ ਪਾਸੋਂ ਪ੍ਰਾਪਤ ਕਰਕੇ ਹਿਰਦੇ ਵਿਚ ਧਾਰਨ ਦੀ ਗੱਲ ਹੈ। ਇਹ ਵਿਚਾਰ ਦੇ ਵੱਖਰੇ-ਵੱਖਰੇ ਮੋਤੀ ਗੁਰਮਤਿ ਸਿਧਾਂਤ ਦੇ ਇਕ ਧਾਗੇ ਵਿਚ ਪਰੋਇ ਹੋਇ ਹਨ। ਇਸ ਸ਼ਬਦ ਵਿਚ ਚੌਥੀ ਤੁਕ ਦੇ ਅੰਦਰ ਜੋ ਨਿਮਰਤਾ ਵਿਚ ਆਉਣ ਦਾ ਗੁਣ ਹੈ ਕਿ ਆਪਣੇ ਆਪ ਨੂੰ ਸਭ ਤੋਂ ਨੀਵਾਂ ਜਾਨਣਾ, ਗੁਰਮਤਿ ਵਿਚ ਇਹੋ ਉੱਚਾ ਉੱਠਣ ਦੀ ਪਹਿਚਾਣ ਹੈ।

ਯਥਾ— **ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥** [ਗਉੜੀ ਮਹਲਾ ੫, ਅੰਗ ੨੬੬]

ਪ੍ਰਭੂ ਪ੍ਰਾਪਤੀ ਦੇ ਮਾਰਗ ਵਿਚ ਸਭ ਤੋਂ ਪਹਿਲਾ ਕਦਮ ਆਪਣੇ ਆਪ ਨੂੰ ਨੀਵਾਂ ਮੰਨਣਾ ਹੈ ਦੂਜੀ ਤੁਕ

PDF created with pdfFactory Pro trial version www.pdffactory.com

ਦਾ ਸਿਧਾਂਤ ਇਸ ਦੇ ਨਾਲ ਇਉਂ ਮਿਲਦਾ ਹੈ ਕਿ ਆਪਣੇ ਆਪ ਨੂੰ ਨੀਵਾਂ ਮੰਨਣ ਵਾਲੇ ਦਾ ਦੂਜਾ ਕਦਮ ਬੇਨਤੀਆਂ ਦਾ ਭਾਵ ਪ੍ਰਗਟ ਹੋਣਾ ਹੈ। ਤੀਜੀ ਤੁਕ ਦਾ ਸਿਧਾਂਤ ਕਾਮ ਕ੍ਰੋਧ ਜੋ ਜਹਿਰ ਵਰਗੇ ਵਿਸ਼ੇ ਹਨ ਇਹਨਾਂ ਦੇ ਹੋਇਆਂ ਜੀਵ ਅਨੇਕਾਂ ਖੋਟੇ ਕਰਮਾਂ ਵਿਚ ਪਰਵਿਰਤ ਹੋ ਜਾਂਦਾ ਹੈ। ਸਾਧੂ ਧੂਰ ਦੀ ਸ਼ਕਤੀ ਨਾਲ ਕਾਮ ਕ੍ਰੋਧ ਨੂੰ ਖਤਮ ਕਰਕੇ ਪ੍ਰਭੂ ਚਰਨਾਂ ਦਾ ਪਿਆਰ ਮਨ ਵਿਚ ਵਧਦਾ ਹੈ। ਜਦੋਂ ਪ੍ਰਭੂ ਚਰਨਾਂ ਦਾ ਪਿਆਰ ਪੈਦਾ ਹੋ ਜਾਇ ਪਹਿਲੀ ਤੁਕ ਦਾ ਸਿਧਾਂਤ ਹੈ ਕਿ ਪ੍ਰਭੂ ਚਰਨਾਂ ਵੱਲ ਦੇਖ ਭਾਵ ਧਿਆਨ ਕਰਦਾ ਹਾਂ ਜਦੋਂ ਪ੍ਰਭੂ ਚਰਨਾਂ ਦਾ ਹਿਰਦੇ ਵਿਚ ਪਿਆਰ ਉੱਠਦਾ ਹੈ ਤਾਂ ਪਿਆਰ ਦੀ ਮਸਤੀ ਵਿਚ ਆ ਕੇ ਪੰਜਵੀਂ ਤੁਕ ਦੇ ਸਿਧਾਂਤ ਅਨੁਸਾਰ ਆਪਣੇ ਮਾਲਕ ਦੇ ਗੁਣਾਂ ਨੂੰ ਬੇਵਸ ਹੋ ਕੇ ਗਾਇਨ ਕਰਦਾ ਹੈ, ਲੋਕਾਂ ਨੂੰ ਪ੍ਰਸੰਨ ਕਰਨ ਵਾਸਤੇ ਨਹੀਂ ਕੇਵਲ ਆਪਣੇ ਮਾਲਕ ਨੂੰ ਪ੍ਰਾਪਤ ਕਰਨ ਵਾਸਤੇ। ਛੇਵੀਂ ਤੁਕ ਦੇ ਸਿਧਾਂਤ ਅਨੁਸਾਰ ਆਪਣੇ ਮਾਲਕ ਗੁਰੂ ਦੇ ਕੋਲੋਂ ਨਿਧੀਆਂ ਦਾ ਖਜ਼ਾਨਾ ਨਾਮ ਪ੍ਰਾਪਤ ਕਰਕੇ, ਹਿਰਦੇ ਵਿਚ ਵਸਾ ਕੇ ਆਰਾਧਦਿਆਂ-ਆਰਾਧਦਿਆਂ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ।

ਯਥਾ— **ਜਨ ਨਾਨਕ ਨਾਮੁ ਆਰਾਧਿਆ ਆਰਾਧਿ ਹਰਿ ਮਿਲਿਆ ॥** [ਆਸਾ ਮਹਲਾ ੪, ਅੰਗ ੪੫੦]

ਪ੍ਰਭੂ ਮਿਲਦਿਆਂ ਹੀ ਤਮਾਮ ਦੁੱਖ ਨਾਸ ਹੋ ਜਾਂਦੇ ਹਨ।

ਯਥਾ— **ਪ੍ਰਭ ਦੇਖਦਿਆ ਦੁਖ ਭੁਖ ਗਈ ਢਾਢੀ ਕਉ ਮੰਗਣੁ ਚਿਤਿ ਨ ਆਵੈ ॥** [ਡਖਣੇ ਮਃ ੫, ਅੰਗ ੧੦੯੭]

ਜਨਮ ਮਰਨ ਤੋਂ ਰਹਿਤ, ਸਦਾ ਸੁਖੀ ਹੋ ਜਾਂਦਾ ਹੈ। ਇਉਂ ਇਸ ਸ਼ਬਦ ਦੀਆਂ ਤੁਕਾਂ ਦਾ ਇਕ ਦੂਜੀ ਨਾਲ ਸਿਧਾਂਤਕ ਮੇਲ ਹੈ।

## ਸਾਖੀ :—

ਇਸ ਸ਼ਬਦ ਦੀ ਤੀਸਰੀ ਤੁਕ ਵਿਚ ਸਾਧੂ ਦੀ ਧੂੜ ਦੀ ਬਰਕਤ ਦਾ ਨਿਰਣਾ ਹੈ। ਸਾਖੀ ਦੁਆਰਾ ਇਸ ਦੀ ਸਪੱਸ਼ਟਤਾ ਹੋ ਜਾਂਦੀ ਹੈ। ਗੋਰਖ ਨਾਥ ਦੇ ਗੁਰੂ ਮਛੰਦਰ ਨਾਥ ਜੀ ਮੰਨੇ ਜਾਂਦੇ ਹਨ। ਇਹਨਾਂ ਦਾ ਨਾਮ ਇਹਨਾਂ ਦੀ ਜਨਮ ਕਿਰਿਆ ਤੋਂ ਪ੍ਰਸਿੱਧ ਹੈ। ਮੱਛੀ ਦੇ ਪੇਟ ਤੋਂ ਇਹਨਾਂ ਦਾ ਜਨਮ ਹੋਣਾ ਧਾਰਮਿਕ ਗ੍ਰੰਥਾਂ ਵਿਚ ਪ੍ਰਸਿੱਧ ਹੈ। ਮੱਛ+ਅੰਦਰ=ਮਛੰਦਰ। ਸ਼ਿਵ ਜੀ ਦੀ ਅੰਸ ਤੋਂ ਇਹਨਾਂ ਦਾ ਪੈਦਾ ਹੋਣਾ ਸਾਬਤ ਹੁੰਦਾ ਹੈ। ਗੋਰਖ ਨਾਥ ਵਰਗੇ ਜਤੀ ਦੇ ਗੁਰੂ ਹੋਣ ਦਾ ਮਾਣ ਇਸਨੂੰ ਪ੍ਰਾਪਤ ਹੋਇਆ। ਸਾਰੀ ਜ਼ਿੰਦਗੀ ਕਠਨ ਤਪੱਸਿਆ, ਜੋਗ ਸਾਧਨਾਂ, ਦਸਮ ਦੁਆਰ ਪ੍ਰਾਣਾਂ ਦਾ ਠਹਿਰਾਉਣਾ ਆਦਿ ਨਾਲ ਰਿਧੀਆਂ ਸਿਧੀਆਂ ਦਾ ਮਾਲਕ ਹੋਇਆ। ਤਮੋ ਗੁਣ ਤਪੱਸਿਆ ਤੋਂ ਮਿਲੀ ਸ਼ਕਤੀ ਵਿਚ ਤਮੋ ਗੁਣ ਅੰਸ ਹੋਇਆ ਕਰਦੀ ਹੈ। ਕਿਉਂਕਿ ਜਿਹੜੀ ਚੀਜ਼ ਜਿਥੋਂ ਪੈਦਾ ਹੁੰਦੀ ਹੈ ਉਹ ਆਪਣੇ ਮੂਲ ਦੀ ਅੰਸ ਲੈ ਕੇ ਹੀ ਉਪਜਦੀ ਹੈ। ਇਸ ਦੇ ਕਾਰਨ ਕਾਮ, ਕ੍ਰੋਧ ਆਦਿ ਤਮੋਂ ਗੁਣ ਤੋਂ ਪੈਦਾ ਹੋਇ ਇਹ ਵਿਸ਼ੇ ਵੱਡੇ-ਵੱਡੇ ਜੋਗੀਆਂ ਨੂੰ ਆਪਣੇ ਅਧੀਨ ਕਰ ਲੈਂਦੇ ਹਨ। ਇਸ ਦੇ ਅਨੁਸਾਰ ਮਛੰਦਰ ਨੂੰ ਵਿਸ਼ਿਆਂ ਦੀ ਅੱਗ ਲੱਗੀ। ਇਸ ਅੱਗ ਨੂੰ ਬੁਝਾਉਣ ਲਈ ਸਾਧਨ ਸੋਚਣ ਲੱਗਾ। ਆਪਣੀ ਸਿਧੀ ਦੇ ਬਲ ਨਾਲ ਜਾਣਿਆ ਕਿ ਸੰਗਲਾਦੀਪ ਦਾ ਰਾਜਾ ਅਮਰੂ ਮ੍ਰਿਤੂ ਨੂੰ ਪ੍ਰਾਪਤ ਹੋ ਗਿਆ ਹੈ ਆਪਣਾ ਸਰੀਰ ਬਰਫਾਨੀ ਪਹਾੜਾਂ ਵਿਚ ਛੱਡਕੇ ਸਿਧੀ ਬਲ ਨਾਲ ਸੁਰੱਖਿਅਤ ਕਰਕੇ ਸੂਖਮ ਸਰੀਰ ਦੁਆਰਾ ਪਰ ਕਾਂਇਆਂ ਪ੍ਰਵੇਸ਼ ਸਿਧੀ ਦਾ ਸਹਾਰਾ ਲੈਂਦਿਆਂ ਅਮਰੂ ਰਾਜੇ ਦੀ ਦੇਹ ਵਿਚ ਪ੍ਰਵੇਸ਼ ਹੋਇਆ ਰਾਜ ਕੁਮਾਰ, ਰਾਣੀਆਂ, ਵਜ਼ੀਰ ਅਮੀਰ ਅਤੇ ਪਰਜਾ ਨੂੰ ਹੈਰਾਨੀ ਜਨਕ ਸੁਖ ਹੋਇਆ ਪਰ ਕਿਸੇ ਨੂੰ ਇਹ ਕੀ ਪਤਾ ਹੈ ਕਿ ਰਾਜਾ ਤਾਂ ਲੇਖਾ ਦੇਣ ਲਈ ਪ੍ਰਲੋਕ ਪਹੁੰਚ ਚੁੱਕਾ ਹੈ ਉਸਦੀ ਦੇਹ ਵਿਚ ਇਹ ਕਾਮ ਵਾਸ਼ਨਾ ਅਧੀਨ ਜੋਗੀ, ਵਾਸ਼ਨਾ ਪੂਰੀ ਕਰਨ ਲਈ ਵੜ ਬੈਠਾ ਹੈ। ਕਈ ਵਰਿਆਂ ਤੱਕ ਇਸ ਗੰਦੀ ਵਾਸ਼ਨਾ ਦੀ ਪੂਰਤੀ ਲਈ ਖੱਪ-ਖੱਪ ਕੇ ਮਰਦਾ ਰਿਹਾ।

ਯਥਾ— **ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥**

[ਗਉੜੀ ਮਃ ੫, ਅੰਗ ੨੭੯]

PDF created with pdfFactory Pro trial version www.pdffactory.com